WHITE CROW PUBLISHERS



# ਪੂਰੀ ਤੋਂ ਪੂਰੇ ਤੱਕ

ਲੇਖਕ
ਪਰਵੀਨ ਝਾਅ
ਅਨੁਵਾਦਕ
ਹਰਮਨਜੀਤ ਕੌਰ

# ਧੁਰੀ ਤੋਂ ਧੁਰੇ ਤੱਕ

ਲੇਖਕ
ਪਰਵੀਨ ਝਾਅ

ਅਨੁਵਾਦਕ
ਹਰਮਨਜੀਤ ਕੌਰ

WHITE CROW
PUBLISHERS

# Dhurri Ton Dhurre Tak

*by*

**Praveen Jha**

Translation by
**Harmanjeet Kaur**
Vill. Kaureana, Teh. Talwandi Sabo, Dist. Bathinda, Punjab, 151302
Email : harmanjeetkrn@gmail.com

**ISBN : 978-81-963880-0-3**
**First Edition : May 2023**
**Price : 250/-**

**Published by**
**White Crow Publishers©**
**Ranjitgarh Bandra**
**Distt Mansa 151506**
**Cont. 9780909077**
info@whitecrowpublishers.com
www.whitecrowpublishers.com
fb.com/whitecrowpublishers

**Distributor:**
**Dear Books Punjab**
Cont. +919876191407

*Laser Type Setting:*
**Patiala Computers**
Opp. Punjabi University, Patiala
M. 98557-08204, 99159-79774
E-mail: patialacomputer04@gmail.com

*All rights are reserved for this Punjabi translation. So, legal action will be taken against any person who possesses or forwards it in any way, like Photocopy/Pdf form, without the written permission of the publisher or the author.*

*Printed in India*

# ਸਮਰਪਣ

ਮੇਰੇ ਸਤਿਕਾਰਯੋਗ ਪਿਤਾ
ਸ. ਅਜੈਬ ਸਿੰਘ ਚਹਿਲ, ਮਾਤਾ ਹਰਪ੍ਰੀਤ ਕੌਰ
ਅਤੇ ਭਰਾ ਸੁਖਮਨ ਦੇ ਨਾਂ,
ਜਿਨ੍ਹਾਂ ਦੀਆਂ ਹੱਲਾਸ਼ੇਰੀਆਂ ਸਦਕਾ ਇਸ
ਅਜਬ ਆਲਮ ਵਿਚ ਵਿਚਰਨ ਦਾ ਇਲਮ ਹੋਇਆ

# ਤਤਕਰਾ


| | | |
|---|---|---|
| * | ਭੂਮਿਕਾ | 7 |
| 1. | ਧੁਰੀ ਤੋਂ ਧੁਰੇ ਤੱਕ | 11 |
| 2. | ਮੇਰੇ, ਤੇਰੇ ਤੇ ਸਾਡੇ ਬੱਚੇ | 18 |
| 3. | ਆਰੀਆ ਦੀ ਖੋਜ ਵਿਚ | 36 |
| 4. | ਇੱਥੇ ਸਸਤਾ ਹੈ ਆਸ਼ਿਆਨਾ ਤੇ ਮਹਿੰਗੀ ਹੈ ਆਯਾਸ਼ੀ | 49 |
| 5. | ਬੱਚਿਆਂ ਦਾ ਦੇਸ਼ | 59 |
| 6. | ਚਿਰਜੀਵੀਆਂ ਦੀ ਦੁਨੀਆਂ | 76 |
| 7. | ਵੈਲਫੇਅਰ ਸਟੇਟ ਵਿੱਚ ਕੰਮ | 99 |
| 8. | ਡੈੱਥ ਵਾਏ ਨੇਚਰ | 123 |
| 9. | ਜੈਂਡਰ ਨਿਊਟਰਲ ਦੇਸ਼ | 134 |
| 10. | ਖੁਸ਼ਹਾਲੀ ਦਾ ਪੰਚਨਾਮਾ | 146 |
| 11. | ਸਰਬਨਾਸ਼ ਅਤੇ ਸ਼ਾਂਤੀ | 156 |
| 12. | ਮਲਾਹ, ਸ਼ਿਕਾਰੀ ਅਤੇ ਜੁਆਰੀ | 176 |
| 13. | ਸਰਵਸ੍ਰੇਸ਼ਠ ਲੋਕਤੰਤਰ | 182 |
| 14. | ਨਾ ਸੋਨਾ, ਨਾ ਪੈਸਾ, ਨਾ ਛੋਟਾ, ਨਾ ਵੱਡਾ | 186 |
| 15. | ਔਖੇ ਪੰਧ | 194 |
| 16. | ਤੇ ਮੀਡੀਆ? | 207 |
| 17. | ਪਰਦੇਸੀ | 212 |

# ਭੂਮਿਕਾ

ਇੱਕ ਮਾਯੂਸ ਜਿਹੀ ਸੰਝ, ਬੈਠੇ-ਬੈਠੇ ਖ਼ਿਆਲ ਆਇਆ ਕਿ ਦੁਨੀਆਂ ਦਾ ਸਭ ਤੋਂ ਖ਼ੁਸ਼ਹਾਲ ਦੇਸ਼ ਕਿਹੜਾ ਹੋਵੇਗਾ? ਖ਼ਬਰਾਂ ’ਚ ਦੇਖਿਆ, ਇਕ ਅਜਿਹਾ ਦੇਸ਼, ਜਿਸ ਨੂੰ ਕੋਈ ਖਾਸ ਜਾਣਦਾ ਨਹੀਂ ਸੀ। ਉੱਤਰੀ ਧਰੁਵ ਨੇੜੇ ਮੌਜੂਦ ਇਕ ਦੁਰਗਮ ਦੇਸ਼। ਨਾਰਵੇ ਬਾਰੇ ਸੁਣਿਆ ਸੀ ਕਿ ਇੱਥੇ ਛੇ ਮਹੀਨੇ ਦਿਨ ਹੁੰਦਾ ਹੈ ਤੇ ਛੇ ਮਹੀਨੇ ਰਾਤ। ਇਹੀ ਸੋਚ ਕੇ ਨਿਰਲੇਪ ਹੋ ਗਿਆ।

ਡਾਕਟਰ ਸੀ ਤੇ ਭਾਰਤ ਵਿਚ ਚੰਗੀ ਮੁਹਾਰਤ ਸੀ। ਜ਼ਿੰਦਗੀ ਦੂਜਿਆਂ ਵਾਂਗ ਹੀ ਮਸ਼ਰੂਫ ਪਰ ਕਦੇ-ਕਦਾਈਂ ਸ਼ੌਕ ਵਜੋਂ ਨਾਰਵੇ ਦੇ ਵਿਸ਼ਿਆਂ ਬਾਰੇ ਪੜ੍ਹਿਆ ਕਰਦਾ ਸੀ। ਦੇਖਿਆ ਕਿ ਲੰਬੇ ਅਰਸੇ ਤੋਂ ਇਹ ਦੇਸ਼ ਸਭ ਮਿਆਰਾਂ ਵਿੱਚ ਸਰਵਉੱਚ ਹੈ। ਸਿਹਤ, ਸਿੱਖਿਆ, ਸੰਪਤੀ ਵਿੱਚ। ਇਹੋ ਜਿਹੀ ਕਿਹੜੀ ਗਿੱਦੜਸਿੰਗੀ ਹੈ ਇਨ੍ਹਾਂ ਕੋਲ? ਸ਼ਾਇਦ ਛੋਟਾ ਦੇਸ਼ ਹੈ ਤਾਂ ਖ਼ੁਸ਼ ਹੋਣਾ ਸੌਖਾ ਹੋਵੇਗਾ ਪਰ ਛੋਟੇ ਦੇਸ਼ ਤਾਂ ਹੋਰ ਵੀ ਕਈ ਨੇ। ਕੇਵਲ ਧਨ ਦੌਲਤ ਹੀ ਖੁਸ਼ਹਾਲੀ ਦਾ ਰਾਜ ਹੈ, ਇਹ ਗੱਲ ਵੀ ਹਜ਼ਮ ਨਹੀਂ ਹੁੰਦੀ ਅਤੇ ਜੇ ਹਰ ਸਾਲ ਇਕੋ ਨਤੀਜਾ ਆਵੇ ਤਾਂ ਇਨ੍ਹਾਂ ਮਾਪਦੰਡਾਂ ਨੂੰ ਬਣਾਉਣ ਵਾਲਿਆਂ ‘ਤੇ ਵੀ ਸ਼ੱਕ ਹੁੰਦਾ ਹੈ। ਭਲਾਂ ਖ਼ੁਸ਼ੀ ਵੀ ਕੋਈ ਮਾਪਣ ਵਾਲੀ ਚੀਜ਼ ਹੈ? ਇਹੋ ਜਿਹੇ ਕਈ ਲੋਕ ਮਿਲਦੇ ਨੇ ਜਿਨ੍ਹਾਂ ਦੇ ਮੁੱਖ ‘ਤੇ ਹਾਸਾ ਨਜ਼ਰ ਹੀ ਨਹੀਂ ਆਉਂਦਾ। ਕੀ ਨਾਰਵੇ ਦਾ ਹਰ ਵਿਅਕਤੀ ਆਪਣੇ ਚਿਹਰੇ ‘ਤੇ ਦਿਖਾਵੇ ਦੀ ਮੁਸਕਾਨ ਲੈ ਕੇ ਘੁੰਮਦਾ ਹੋਵੇਗਾ? ਕੀ ਉਨ੍ਹਾਂ ਦੇ ਸ਼ਬਦ-ਕੋਸ਼ ਵਿੱਚ ਦੁੱਖ, ਦਰਦ ਨਾਂ ਦੇ ਅੱਖਰ ਨਹੀਂ?

ਮਨ ਵਿਚ ਰੋਜ਼ ਸਵਾਲ ਉੱਠਦੇ ਤੇ ਰੋਜ਼ ਥੱਕ ਕੇ ਸੌਂ ਜਾਂਦਾ। ਹਸਪਤਾਲ ਅਤੇ ਕਲੀਨਿਕ ਤੋਂ ਬਾਅਦ ਮੇਰੇ ਵਿੱਚ ਕੁਝ ਹੋਰ ਪੜ੍ਹਨ ਜਾਂ ਹੋਰ ਜਾਨਣ ਦੀ ਹਿੰਮਤ ਨਾ ਰਹਿੰਦੀ ਪਰ ਹੌਲੀ-ਹੌਲੀ ਨਾਰਵੇ ਨੇ ਮੇਰੇ ਸੁਪਨਿਆਂ ਵਿੱਚ ਥਾਂ ਬਣਾ ਲਈ। ਬਰਫ਼ ਦੀਆਂ ਚੋਟੀਆਂ, ਪਹਾੜਾਂ ਵਿੱਚੋਂ ਵਹਿੰਦੀਆਂ ਨਦੀਆਂ ਤੇ ਵਿਸ਼ਾਲ

ਸਮੁੰਦਰ। ਉੱਤਰੀ ਧਰੁਵ ਦੇ ਸਫ਼ੈਦ ਭਾਲੂ ਤੇ ਬਰਫ਼ ਦੀਆਂ ਸਿੱਲੀਆਂ, ਸੈਮਨ ਮੱਛੀਆਂ, ਰੰਗ-ਬਰੰਗਾ ਅਜਬ ਅੰਬਰ, ਨਾਰਵੇਜੀਅਨ ਮੁਟਿਆਰਾਂ, ਸਕੀ ਕਰਦੇ ਬੱਚੇ। ਮੁਸਕਰਾਉਂਦਾ ਦੇਸ਼ ਅਤੇ ਅੱਧੀ ਰਾਤ ਨੂੰ ਚਮਕਦਾ ਸੂਰਜ। ਸੁਪਨਾ ਹੀ ਸੀ ਪਰ ਇਸ ਉਨੀਂਦਰ ਗ੍ਰਸਤ ਦੇਸ਼ ਬਾਰੇ ਸੋਚਦਿਆਂ ਪਤਾ ਨਹੀਂ ਕਿਉਂ ਨੀਂਦ ਚੰਗੀ ਆਉਂਦੀ। ਇਨ੍ਹਾਂ ਦਿਨਾਂ ਵਿਚ ਹੀ ਇਕ ਚਿੱਠੀ ਭੇਜੀ ਸੀ ਤੇ ਜਵਾਬ ਵੀ ਆ ਗਿਆ ਸੀ।

ਪਰਿਵਾਰ ਨੂੰ ਬਿਨਾਂ ਦੱਸੇ ਉੱਥੋਂ ਦੀ ਭਾਸ਼ਾ ਸਿੱਖਣ ਲੱਗਿਆ। ਨਾਰਵੇ ਦੀ ਸ਼ਰਤ ਸੀ ਕਿ ਡਾਕਟਰ ਉੱਥੋਂ ਦੀ ਭਾਸ਼ਾ ਵਿਚ ਹੀ ਪੜ੍ਹੇ ਲਿਖੇ। ਹੁਣ ਕਲੀਨਿਕ ਤੋਂ ਛੇਤੀ ਆਉਂਦਾ ਤੇ ਬੰਦ ਕਮਰੇ ਵਿਚ ਕੰਧਾਂ ਨਾਲ ਨਾਰਵੇਜੀਅਨ ਗੱਲਾਂ ਕਰਦਾ। ਫੋਨ ਤੋਂ ਉੱਥੋਂ ਦੇ ਰੇਡੀਓ ਸੁਣਦਾ, ਉੱਥੋਂ ਦੇ ਗੀਤ, ਉੱਥੋਂ ਦੀਆਂ ਖਬਰਾਂ। ਜਿਵੇਂ ਕਿਸੇ ਪਹੁੰਚੇ ਬਾਬੇ ਨੇ ਹਿਪਨੋਟਾਈਜ਼ ਕਰ ਲਿਆ ਹੋਵੇ ਜਾਂ ਮੇਰਾ ਦੋਹਰਾ ਕਿਰਦਾਰ ਹੋ ਗਿਆ ਹੋਵੇ ਪਰ ਜੋ ਵੀ ਸੀ ਹੁਣ ਹੌਲੀ-ਹੌਲੀ ਚਿੰਤਾ ਖ਼ਤਮ ਹੋਣ ਲੱਗੀ। ਮੈਂ ਇਤਿਹਾਸ ਪੜ੍ਹਨ ਲੱਗ ਗਿਆ। ਕੁਝ ਲਿਖਣ ਲੱਗਿਆ। ਉਹ ਕਰਨ ਲੱਗਿਆ ਜੋ ਡਾਕਟਰੀ ਪੇਸ਼ੇ ਕਰਕੇ ਮੇਰੇ ਤੋਂ ਛੁੱਟ ਗਿਆ ਸੀ। ਮੈਂ ਫਿਰ ਤੋਂ ਜਿਊਣ ਲੱਗਿਆ। ਖੁਸ਼ਹਾਲੀ ਦਾ ਪਹਿਲਾ ਟੀਕਾ ਤਾਂ ਘਰ ਬੈਠਿਆਂ ਹੀ ਲੱਗ ਗਿਆ ਸੀ।

ਫਿਰ ਇੱਕ ਦਿਨ ਮੇਰੇ ਬੁਲਾਵੇ ਦੀ ਚਿੱਠੀ ਆ ਗਈ। ਮੈਂ ਹਸਪਤਾਲ ਵਿਚ ਅਸਤੀਫ਼ਾ ਦੇ ਦਿੱਤਾ ਅਤੇ ਕਲੀਨਿਕ ਆਪਣੇ ਦੋਸਤ ਨੂੰ ਵੇਚ ਕੇ, ਪਰਿਵਾਰ ਨੂੰ ਖ਼ਬਰ ਦੇ ਦਿੱਤੀ। ਗੱਡੀ ਲੈ ਕੇ ਕੰਨਿਆਕੁਮਾਰੀ ਆ ਗਿਆ। ਸਵਾਮੀ ਵਿਵੇਕਾਨੰਦ ਚੋਟੀ ਉੱਤੇ, ਜੋ ਭਾਰਤੀ ਮੂਲ ਭੋਇੰ ਦੀ ਅੰਤਿਮ ਹੱਦ ਹੈ। ਸਮੁੰਦਰੀ ਲਹਿਰਾਂ ਇਸ ਚੱਟਾਨ ਨਾਲ ਟਕਰਾ ਕੇ ਮੁੜ ਜਾਂਦੀਆਂ। ਜਿਵੇਂ ਦੇਸ਼ ਤੋਂ ਵਿਦਾ ਲੈ ਰਹੀਆਂ ਹੋਣ ਜਾਂ ਕੰਨ ਵਿਚ ਕੁਝ ਕਹਿ ਰਹੀਆਂ ਹੋਣ।

ਸ਼ਾਇਦ ਇਹ ਕਹਿ ਰਹੀਆਂ ਨੇ ਕਿ ਜਿਸ ਖੁਸ਼ਫਹਿਮੀ ਨਾਲ ਖੁਸ਼ਹਾਲ ਦੇਸ਼ ਜਾ ਰਿਹਾ ਏ, ਉੱਥੋਂ ਕੁਝ ਗੁਰ ਜ਼ਰੂਰ ਸਿੱਖ ਕੇ ਆਵੀਂ। ਇਹ ਦੇਖੀਂ ਕਿ ਉਨ੍ਹਾਂ ਗੁਰ ਕਿਤੇ ਸਾਡੇ ਤੋਂ ਤਾਂ ਨਹੀਂ ਲਏ? ਪੱਛਮ ਦੀਆਂ ਹਨ੍ਹੇਰੀਆਂ ਵਿਚ ਉਹ ਕਿਵੇਂ ਖੁਸ਼ ਰਹਿੰਦੇ ਨੇ? ਛੋਟੇ ਜਿਹੇ ਦੇਸ਼ ਤੋਂ ਭਾਵੇਂ ਛੋਟਾ ਜਿਹਾ ਹੀ ਸੁਨੇਹਾ ਲੈ ਕੇ ਆਈਂ